Punjabi

## ਦਿੱਤੀ ਆਂ ਜਾਣ ਵਾਲੀਆਂ ਸੇਵਾਵਾਂ

*ਔਰਤਾਂ ਲਈ ਪਨਾਹ ਅਤੇ ਸਹਾਇਤਾ ਸੇਵਾਵਾਂ*
*ਕਿਉਂਕਿ ਆਪਣੇ ਭਾਈਚਾਰੇ ਵਿੱਚ ਉਹ ਹਿੰਸਾ-ਮੁਕਤ ਜੀਵਨ ਦੀ ਸਥਾਪਨਾ ਕਰਦੀਆਂ ਹਨ*

*ਹਾਲਟਨ ਵਿਮੈਨ'ਜ਼ ਪਲੇਸ* ਇੱਕ ਗੈਰ-ਮੁਨਾਫਾ ਸੰਸਥਾ ਹੈ, ਜੋ ਉਹਨਾਂ ਔਰਤਾਂ ਅਤੇ ਉਹਨਾਂ ਦੇ ਆਸ਼ਰਤ ਬੱਚਿਆਂ ਦੀ ਸਹਾਇਤਾ ਕਰਨ ਵਿੱਚ ਜੁਟੀ ਹੋਈ ਹੈ, ਜੋ ਦੁਰਵਿਹਾਰ ਦਾ ਸ਼ਿਕਾਰ ਹਨ।

- ਅਸੀਂ ਛੇ ਹਫਤਿਆਂ ਤਕ ਲਈ ਮੁਫਤ, ਸੁਰੱਖਿਅਤ ਪਨਾਹ ਦੇਂਦੇ ਹਾਂ, ਜੋ ਪੂਰੀ ਤਰ੍ਹਾਂ ਮੁੱਲਾਂਕਣ-ਮੁਕਤ ਅਤੇ ਸਹਾਇਕ ਹੈ।
- ਹਾਲਟਨ ਖੇਤਰ ਲਈ ਸਾਡੇ ਕੋਲ ਦੋ ਥਾਂਵਾਂ ਹਨ, ਇੱਕ ਮਿਲਟਨ ਵਿੱਚ ਅਤੇ ਦੂਜੀ ਬਰਲਿੰਗਟਨ ਵਿੱਚ।
- ਦੁਰਵਿਹਾਰ-ਪੀੜਤ ਔਰਤਾਂ ਅਤੇ ਉਹਨਾਂ ਦੇ ਆਸ਼ਰਤ ਬੱਚਿਆਂ ਨੂੰ ਅਸੀਂ ਵਿਆਪਕ, ਗੈਰ-ਰਿਹਾਇਸ਼ੀ ਅਤੇ ਰਿਹਾਇਸ਼ੀ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ।
- ਜਿਨ੍ਹਾਂ ਔਰਤਾਂ ਨੂੰ ਸਿਰਫ ਗੱਲਬਾਤ ਕਰਨ ਦੀ ਲੋੜ ਹੁੰਦੀ ਹੈ, ਉਹਨਾਂ ਨੂੰ ਅਸੀਂ ਟੈਲੀਫੋਨ ਰਾਹੀਂ ਸਲਾਹ ਵੀ ਦੇਂਦੇ ਹਾਂ।
- ਲੋੜ ਪੈਣ ਤੇ ਅਸੀਂ ਔਰਤਾਂ ਨੂੰ ਦੂਜੀਆਂ ਸਹਾਇਤਾ ਸੇਵਾਵਾਂ ਕੋਲ ਵੀ ਭੇਜ ਸਕਦੇ ਹਾਂ।
- ਅਸੀਂ ਖਾਣਾ ਅਤੇ ਸੰਕਟਕਾਲੀ ਕਪੜੇ ਦੇਂਦੇ ਹਾਂ।
- ਅਸੀਂ ਪ੍ਰੀ-ਸਕੂਲ ਅਤੇ ਸਕੂਲ ਦੀ ਉਮਰ ਦੇ ਬੱਚਿਆਂ ਲਈ ਲੋੜੀਂਦਾ ਇਲਾਜ ਅਤੇ ਮਨੋਰੰਜਨ ਪ੍ਰਦਾਨ ਕਰਦੇ ਹਾਂ।

*ਹਾਲਟਨ ਵਿਮੈਨ'ਜ਼ ਪਲੇਸ* ਦਾ ਸਟਾਫ ਜਾਣਦਾ ਹੈ ਕਿ ਦੁਰਵਿਹਾਰ ਕਰਨ ਵਾਲੇ ਪਾਰਟਨਰ ਨਾਲ ਰਹਿਣਾ ਦੁਖਦਾਇਕ ਹੁੰਦਾ ਹੈ। ਉਹ ਜਾਣਦੇ ਹਨ ਕਿ ਤੁਸੀਂ ਆਪਣਾ ਜੀਵਨ ਆਪਣੇ ਜੀਵਨ ਸਾਥੀ ਅਤੇ ਪਰਿਵਾਰ ਨੂੰ ਸਮਰਪਿਤ ਕਰ ਦਿੱਤਾ ਹੈਂ। ਉਹ ਜਾਣਦੇ ਹਨ ਕਿ ਤੁਸੀਂ ਇਸ ਪੀੜ ਨੂੰ ਖਤਮ ਕਰਨ ਲਈ ਹਰ ਕੋਸ਼ਸ਼ ਕਰਨ ਲਈ ਤਿਆਰ ਹੋ।

### ਤੁਸੀਂ ਚੋਣ ਕਰ ਸਕਦੇ ਹੋ!

**ਜੇ ਤੁਸੀਂ ਘਰ ਛੱਡਣ ਦਾ ਫੈਸਲਾ ਕਰਦੇ ਹੋ...**

- *ਹਾਲਟਨ ਵਿਮੈਨ'ਜ਼ ਪਲੇਸ* ਨੂੰ ਫੋਨ ਕਰਕੇ ਆਪਣੀ ਸਭ ਤੋਂ ਨਜ਼ਦੀਕੀ ਪਨਾਹ ਦੀ ਥਾਂ (ਸ਼ੈਲਟਰ) ਦਾ ਪਤਾ ਲਗਾਉ।
- ਭਵਿੱਖ ਵਿੱਚ ਬੱਚਿਆਂ ਦੀ ਨਿਗਰਾਨੀ (ਕਸਟਡੀ) ਦੀਆਂ ਸਮੱਸਿਆਵਾਂ ਤੋਂ ਬੱਚਣ ਲਈ ਆਪਣੇ ਬੱਚਿਆਂ ਨੂੰ ਨਾਲ ਲੈ ਜਾਉ।
- ਆਪਣੇ ਪੈਸੇ, ਪਤਿਆਂ ਵਾਲੀ ਡਾਇਰੀ, ਹੈਲਥ ਕਾਰਡ ਅਤੇ ਪੱਛਾਣ ਕਾਰਡ ਆਪਣੇ ਨਾਲ ਲੈ ਜਾਉ।
- ਜੇ ਤੁਹਾਡੇ ਕੋਲ ਸਮਾਂ ਹੋਵੇ, ਤਾਂ ਆਪਣੇ ਕਪੜੇ ਅਤੇ ਨਿੱਜੀ ਵਰਤੋਂ ਦੀਆਂ ਚੀਜ਼ਾਂ ਨਾਲ ਲੈ ਲਉ।
- ਜੇ ਲੋੜ ਹੋਵੇ ਤਾਂ *ਹਾਲਟਨ ਵਿਮੈਨ'ਜ਼ ਪਲੇਸ* ਨੂੰ ਫੋਨ ਕਰਕੇ ਸਕੰਟਕਾਲੀ ਗੱਡੀ ਮੰਗਵਾ ਲਉ।

ਅਸੀਂ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਛੇ ਹਫਤੇ ਤਕ ਆਪਣੇ ਕੋਲ ਰਖਾਂਗੇ ਅਤੇ, ਜੇ ਤੁਸੀਂ ਵਾਪਸ ਨਾ ਜਾਣ ਦਾ ਫੈਸਲਾ ਕਰਦੇ ਹੋ, ਤਾਂ ਅਸੀਂ ਤੁਹਾਨੂੰ ਉਹਨਾਂ ਵਸੀਲਿਆਂ ਦਾ ਹਵਾਲਾ ਦਿਆਂਗੇ, ਜੋ ਰਹਿਣ ਦੀ ਕੋਈ ਦੂਜੀ ਥਾਂ ਲੱਭਣ ਵਿੱਚ ਤੁਹਾਡੀ ਮਦਦ ਕਰਨਗੇ।

ਓਨਟਾਰੀਓ ਵੈਟਰਿਨਰੀ ਮੈਡੀਕਲ ਐਸੋਸੀਏਸ਼ਨ ਦੇ ਨਾਲ ਮਿਲ ਕੇ ਅਸੀਂ ਸੁਰੱਖਿਅਤ ਪਾਲਤੂ ਜਾਨਵਰ ਪ੍ਰੋਗਰਾਮ (SafePet Program) ਦੀ ਪੇਸ਼ਕਸ਼ ਕਰ ਸਕਦੇ ਹਾਂ। ਇਹ ਪ੍ਰੋਗਰਾਮ ਔਰਤਾਂ ਦੇ ਸ਼ੈਲਟਰਾਂ ਵਿੱਚ ਪਨਾਹ ਲੈਣ ਵਾਲੀਆਂ ਔਰਤਾਂ ਦੇ ਪਾਲਤੂ ਜਾਨਵਰਾਂ ਨੂੰ ਸਥਾਨਕ ਪਸ਼ੂ-ਚਿਕਿਤਸਾ ਕਲਿਨਿਕਾਂ ਵਿੱਚ ਵਕਤੀ ਤੌਰ ਤੇ ਰਹਿਣ ਦੀ ਥਾਂ ਦੇਣ ਲਈ ਬਣਾਇਆ ਗਿਆ ਹੈ।

**ਜਦੋਂ ਤਕ ਤੁਸੀਂ ਸ਼ੈਲਟਰ ਵਿੱਚ ਹੋ, ਤੁਸੀਂ ਹੇਠਲੀਆਂ ਸੇਵਾਵਾਂ ਦੀ ਆਸ ਕਰ ਸਕਦੇ ਹੋ:**

- ਸੁਰੱਖਿਅਤ ਪਨਾਹ (ਖਾਣੇ ਅਤੇ ਨਿੱਜੀ ਵਰਤੋਂ ਦੀਆਂ ਮੂਲ ਚੀਜ਼ਾਂ ਸਮੇਤ)

- ਪ੍ਰੀ-ਸਕੂਲ ਅਤੇ ਸਕੂਲ ਦੀ ਉਮਰ ਦੇ ਬੱਚਿਆਂ ਲਈ ਪ੍ਰੋਗਰਾਮ
- ਅੰਤਰਿਮ ਕਸਟਡੀ ਅਤੇ ਬੰਦਸ਼ ਆਰਡਰ ਪ੍ਰਾਪਤ ਕਰਨ ਵਿੱਚ ਅਦਾਲਤੀ ਮਦਦ
- ਲੋੜ ਮੁਤਾਬਕ ਇਕੱਲਿਆਂ ਸਲਾਹ
- ਸਹਾਇਕ ਗਰੁੱਪ ਸਲਾਹ
- ਬਾਹਰ ਲਈ ਰੈਫਰਲ
- ਵਾਪਸੀ ਦੀ ਯੋਜਨਾਬੰਦੀ

**ਜੇ ਤੁਸੀਂ ਘਰ ਨਾ ਛੱਡਣ ਦਾ ਫੈਸਲਾ ਕਰਦੇ ਹੋ…**

*ਹਾਲਟਨ ਵਿਮੈਨ'ਜ਼ ਪਲੇਸ* ਦੀਆਂ ਸੰਕਟਕਾਲੀ ਲਾਈਨਾਂ ਹਫਤੇ ਦੇ ਸੱਤ ਦਿਨ, ਦਿਨ ਦੇ 24 ਘੰਟੇ ਖੁੱਲ੍ਹੀਆਂ ਹਨ। ਟੈਲੀਫੋਨ ਤੇ ਜਾਂ ਸਾਡੇ ਸ਼ੈਲਟਰਾਂ ਵਿੱਚ ਸਾਡਾ ਸਟਾਫ ਤੁਹਾਨੂੰ ਪੂਰੀ ਤਰ੍ਹਾਂ ਗੁਪਤ ਸਹਾਇਤਾ, ਸਲਾਹ ਅਤੇ ਜਾਣਕਾਰੀ ਦੇਵੇਗਾ। ਅਪੁਆਇੰਟਮੈਂਟ ਲੈਣ ਦੀ ਲੋੜ ਨਹੀਂ ਹੈ।

ਦੁਰਵਿਹਾਰ ਸਰੀਰਕ, ਭਾਵਨਾਤਮਕ, ਮਾਲੀ ਜਾਂ ਜਿਨਸੀ ਕਿਸਮ ਦਾ ਹੋ ਸਕਦਾ ਹੈ – ਉਹ ਜੋ ਤੁਹਾਨੂੰ ਅਨਾਦਰ ਕਰਨ ਵਾਲਾ, ਸੀਮਤ ਕਰਨ ਵਾਲਾ, ਪਰੇਸ਼ਾਨ ਕਰਨ ਵਾਲਾ ਜਾਂ ਦੁਖਦਾਈ ਜਾਪੇ।

ਦੁਰਵਿਹਾਰ ਬਾਰੇ ਇਹ ਵੀ ਸੱਚ ਹੈ…

**ਇਹ ਬਹੁਤ ਆਮ ਹੈ**। ਹਾਲ ਵਿੱਚ ਕੀਤੇ ਗਏ ਅਧਿਐਨ ਵਿਖਾਉਂਦੇ ਹਨ ਕਿ ਕੈਨੇਡਾ ਵਿੱਚ ਹਰ ਚੌਥੀ ਔਰਤ ਉੱਪਰ ਉਸਦੇ ਘਰ ਦੇ ਵਾਤਾਵਰਨ ਵਿੱਚ ਹਮਲਾ ਕੀਤਾ ਗਿਆ ਹੈ।

**ਇਹ ਖਤਰਨਾਕ ਹੈ**। ਇਸ ਦੇਸ਼ ਵਿੱਚ ਔਰਤਾਂ ਦੀਆਂ 61 % ਹੱਤਿਆਵਾਂ ਦਾ ਕਾਰਨ ਔਰਤਾਂ ਉੱਪਰ ਉਹਨਾਂ ਦੇ ਜੀਵਨ ਸਾਥੀ ਦੁਆਰਾ ਕੀਤਾ ਗਿਆ ਹਮਲਾ ਹੈ।

**ਇਹ ਸਮੱਸਿਆ ਅੰਤਹੀਨ ਹੈ**। ਮਾਹਿਰ ਕਹਿੰਦੇ ਹਨ ਕਿ ਦੁਰਵਿਹਾਰ ਵਾਲੇ ਘਰਾਂ ਵਿੱਚ ਪਲ ਕੇ ਵੱਡੇ ਹੋਏ ਬੱਚਿਆਂ ਦੀ ਦੁਰਵਿਹਾਰ ਦਾ ਸ਼ਿਕਾਰ ਬਣਨ ਜਾਂ ਖੁਦ ਦੁਰਵਿਹਾਰ ਕਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਦੁਰਵਿਹਾਰ ਦੀਆਂ ਕੋਈ ਸੀਮਾਵਾਂ ਨਹੀਂ ਹਨ …

**ਸਾਡੇ ਸੇਧ ਵਾਲੇ ਸਿਧਾਂਤ:**

- ਸਭ ਤੋਂ ਪਹਿਲਾਂ, ਔਰਤ ਅਤੇ ਉਸਦੇ ਬੱਚਿਆਂ ਦੀ ਸੁਰੱਖਿਆ ਦਾ ਧਿਆਨ ਕਰਨਾ ਹੋਵੇਗਾ।
- ਔਰਤ ਅਤੇ ਉਸਦੇ ਬੱਚਿਆਂ ਲਈ ਉਪਲਬਧ ਸੰਭਾਵਨਾਵਾਂ ਅਤੇ ਵਸੀਲਿਆਂ ਬਾਰੇ ਔਰਤ ਨੂੰ ਜਾਗਰੂਕ ਕਰਾਉਣ ਵਿੱਚ ਪ੍ਰੋਗਰਾਮ ਮਦਦ ਕਰੇਗਾ।
- ਪ੍ਰੋਗਰਾਮ, ਆਪਣੀ ਚੋਣ ਖੁਦ ਕਰਨ ਦੇ ਔਰਤ ਦੇ ਹੱਕ ਦਾ ਮਾਣ ਕਰੇਗਾ।

## ਤੁਸੀਂ ਇਕੱਲੇ ਨਹੀਂ ਹੋ ਅਤੇ ਦੋਸ਼ ਤੁਹਾਡਾ ਨਹੀਂ ਹੈ!

"ਆਰਜ਼ੀ ਸਹਾਇਤਾ ਵਰਕਰ" (Transitional Support Worker) ਤੁਹਾਨੂੰ ਮਿਲ ਕੇ ਇੱਕ ਸੁਰੱਖਿਆ ਯੋਜਨਾ ਬਣਾਉਣ, ਦੁਰਵਿਹਾਰ ਵਾਲੇ ਰਿਸ਼ਤੇ ਨੂੰ ਛੱਡਣ ਅਤੇ ਆਪਣੇ ਆਪ ਇੱਕ ਨਵਾਂ ਜੀਵਨ ਕਾਇਮ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ/ਸਕਦੀ ਹੈ।

ਵਾਧੂ ਸੁਰੱਖਿਆ, ਆਰਾਮ ਅਤੇ ਮਾਣ ਨਾਲ ਜੀਉਣ ਲਈ ਤੁਹਾਨੂੰ ਕਿਸ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ, ਇਸ ਦੇ ਆਧਾਰ ਤੇ ਇੱਕ ਆਰਜ਼ੀ ਯੋਜਨਾ ਤਿਆਰ ਕੀਤੀ ਜਾਵੇਗੀ।

"ਆਰਜ਼ੀ ਅਤੇ ਹਾਊਸਿੰਗ ਸਹਾਇਤਾ ਪ੍ਰੋਗਰਾਮ" (Transitional & Housing Support Program) ਔਰਤਾਂ ਨੂੰ ਸਹਾਇਤਾ, ਸਲਾਹ, ਐਡਵੋਕੇਸੀ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ।

**ਅਸੀਂ ਹੇਠਲੇ ਕੰਮਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ:**

- ਸੁਰੱਖਿਆ ਦੀ ਯੋਜਨਾ ਬਣਾਉਣਾ
- ਤਬਦੀਲੀ ਦੀ ਯੋਜਨਾ ਨੂੰ ਅਮਲ ਵਿੱਚ ਲਿਆਉਣ ਲਈ ਆਰਜ਼ੀ ਯੋਜਨਾਬੰਦੀ ਅਤੇ ਸਹਾਇਤਾ
- ਹਾਉਸਿੰਗ ਲਈ ਅਰਜ਼ੀ ਦੇਣ ਵਿੱਚ ਸਹਾਇਤਾ ਅਤੇ ਰਿਹਾਇਸ਼ ਦੀ ਥਾਂ ਲੱਭਣ ਅਤੇ ਉਸਦੀ ਦੇਖਰੇਖ ਵਿੱਚ ਸਹਾਇਤਾ
- ਸਲਾਹਕਾਰੀ ਪ੍ਰੋਗਰਾਮਾਂ ਲਈ ਸਹਾਇਤਾ ਅਤੇ ਰੈਫਰਲ
- ਮਾਤਾ-ਪਿਤਾ ਅਤੇ/ਜਾਂ ਬੱਚਿਆਂ ਸਬੰਧੀ ਵਸੀਲਿਆਂ ਲਈ ਰੈਫਰਲ ਅਤੇ ਐਡਵੋਕੇਸੀ
- ਸਿਹਤ ਅਤੇ ਕਲਿਆਣ ਸੇਵਾਵਾਂ ਲਈ ਰੈਫਰਲ
- ਵਿਦਿਅਕ ਵਾਧੇ ਅਤੇ ਕਿੱਤੇ ਦੀ ਸਿਖਲਾਈ ਸਬੰਧੀ ਵਸੀਲਿਆਂ ਨਾਲ ਸਬੰਧ
- ਮਾਲੀ ਸਹਾਇਤਾ ਪ੍ਰਾਪਤ ਕਰਨ ਦੇ ਤਰੀਕਿਆਂ ਬਾਰੇ ਐਡਵੋਕੇਸੀ ਅਤੇ ਸਹਾਇਤਾ
- ਦੁਭਾਸ਼ੀਏ ਦੀਆਂ ਸੇਵਾਵਾਂ
- ਕਾਨੂੰਨੀ ਸਹਾਇਤਾ ਲਈ ਅਰਜ਼ੀਆਂ ਦੇਣ ਵਿੱਚ ਮਦਦ
- ਅਦਾਲਤ ਵਿੱਚ ਪੇਸ਼ੀ ਅਤੇ ਵਕੀਲ ਨਾਲ ਮੁਲਾਕਾਤਾਂ ਲਈ ਤਿਆਰੀ ਅਤੇ ਸਹਾਇਤਾ
- ਚੋਣਾਂ ਦੀ ਪੱਛਾਣ ਵਿੱਚ ਸਹਾਇਤਾ
- ਪੈਰਵੀ

ਸਾਡੀਆਂ ਸੇਵਾਵਾਂ ਪੂਰੀ ਤਰ੍ਹਾਂ ਗੁਪਤ, ਬਿਲਕੁਲ ਮੁੱਲਾਂਕਣ-ਮੁਕਤ ਅਤੇ ਸਹਾਇਕ ਹਨ। ਸੇਵਾ ਲਈ ਕੋਈ ਫੀਸ ਨਹੀਂ ਲਈ ਜਾਂਦੀ।

**ਅਸੀਂ ਹੇਠਲਿਆਂ ਕੋਲੋਂ ਰੈਫਰਲ ਸਵੀਕਾਰ ਕਰਦੇ ਹਾਂ:**

- ਔਰਤ ਖੁਦ ਆਪ
- ਸੰਕਟਕਾਲੀ ਸ਼ੈਲਟਰ
- ਸਲਾਹਕਾਰੀ ਪ੍ਰੋਗਰਾਮ
- ਸਮਾਜਕ ਹਾਉਸਿੰਗ ਪ੍ਰੋਵਾਈਡਰ
- ਭਾਈਚਾਰਕ ਏਜੰਸੀਆਂ
- ਕਾਨੂੰਨੀ ਜਾਂ ਪੁਲਿਸ ਸੇਵਾਵਾਂ
- ਡਾਕਟਰ ਅਤੇ ਸਿਹਤ ਸੇਵਾਵਾਂ
- ਕੋਈ ਹੋਰ ਸੇਵਾ ਪ੍ਰੋਵਾਈਡਰ

**ਸਾਡਾ ਕਾਰਜ ਖੇਤਰ ਹਾਲਟਨ ਦਾ ਇਲਾਕਾ ਹੈ ਜਿਸ ਵਿੱਚ ਸ਼ਾਮਲ ਹਨ,** ਮਿਲਟਨ, ਬਰਲਿੰਗਟਨ, ਓਕਵਿੱਲ, ਐਕਟਨ ਅਤੇ ਜਾਰਜਟਾਉਨ (ਹਾਲਟਨ ਹਿਲਜ਼)।

ਹੁਣ ਕੁਝ ਕਰਨ ਦਾ ਸਮਾਂ ਹੈ,
ਕਿਉਂਕਿ ਹਿੰਸਾ ਦੇ ਬਿਨਾ ਜੀਵਨ ਹੀ ਜੀਉਣ ਦਾ ਇੱਕੋ ਇੱਕ ਤਰੀਕਾ ਹੈ!

**ਜੇ ਤੁਹਾਡਾ ਰਿਸ਼ਤਾ ਦੁਰਵਿਹਾਰ ਪੂਰਨ ਹੈ**

ਅਸੀਂ ਅਪੀਲ ਕਰਦੇ ਹਾਂ ਕਿ ਤੁਸੀਂ ਸਾਨੂੰ ਸੰਪਰਕ ਕਰੋ। ਜੇਹੜੇ ਹਾਲਾਤ ਦਾ ਤੁਸੀਂ ਸਾਮ੍ਹਣਾ ਕਰ ਰਹੇ ਹੋ, ਉਹ ਖਤਰਨਾਕ ਹੋ ਸਕਦੇ ਹਨ। *ਹਾਲਟਨ ਵਿਮੈਨ'ਜ਼ ਪਲੇਸ* ਨੇ ਹਿੰਸਾ ਦਾ ਚੱਕਰ ਖਤਮ ਕਰਨ ਅਤੇ ਜ਼ਿਆਦਾ ਖੁਸ਼ੀ ਭਰਿਆ, ਸਿਹਤਮੰਦ ਅਤੇ ਬਹੁਤ ਜ਼ਿਆਦਾ ਸੁਰੱਖਿਅਤ ਜੀਵਨ ਸ਼ੁਰੂ ਕਰਨ ਵਿੱਚ ਬਹੁਤ ਸਾਰੀਆਂ ਔਰਤਾਂ ਦੀ ਮਦਦ ਕੀਤੀ ਹੈ। ਤੁਸੀਂ ਵੀ ਅਜੇਹਾ ਕਰ ਸਕਦੇ ਹੋ!

**ਅਸੀਂ ਮਦਦ ਕਰ ਸਕਦੇ ਹਾਂ ...**

ਹੋਰ ਜਾਣਕਾਰੀ ਲਈ ਜਾਂ ਅਪੁਆਇੰਟਮੈਂਟ ਬੁਕ ਕਰਨ ਲਈ, ਕਿਰਪਾ ਕਰਕੇ ਫੋਨ ਕਰੋ:

**ਆਰਜ਼ੀ ਸਹਾਇਤਾ ਵਰਕਰ**

905-878-0386 ਐਕਸਟੈਨਸ਼ਨ 321